# 102 ਗ੍ਰਾਮ ਚਰਸ ਸਮੇਤ ਔਰਤ ਕਾਬੂ,

ਸ੍ਰੀ ਕੀਰਤਪੁਰ ਸਾਹਿਬ, 20 ਅਪ੍ਰੈਲ (ਬਾਲੀ)-ਬੀਤੀ ਦੇਰ ਸ਼ਾਮ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਪਾਰਟੀ ਵਲੋਂ ਗਸ਼ਤ ਦੌਰਾਨ ਇਕ ਔਰਤ ਨੂੰ 102 ਗ੍ਰਾਮ ਚਰਸ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਜਦੋਂ ਪੁਲਸ ਪਾਰਟੀ ਰਕਬਾ ਥਾ ਹੱਦ ਭਗਵਾਲਾ ਪੁੱਜੀ ਤਾਂ ਸਮਾਂ ਕਰੀਬ ਸ਼ਾਮ 6.05 ਦਾ ਹੋਵੇਗਾ ਤਾਂ ਅੱਗੋਂ ਨਹਿਰ ਦੀ ਪਟੜੀ ਉਪਰ ਇਕ ਔਰਤ ਜਿਸ ਦੇ ਸੱਜੇ ਹੱਥ ਵਿਚ ਇਕ ਪਲਾਸਟਿਕ ਦਾ ਲਿਫਾਫਾ ਸੀ ਪੈਦਲ ਆਉਂਦੀ ਦਿਖਾਈ ਦਿੱਤੀ,ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਈ ਅਤੇ ਉਸਨੇ ਆਪਣੇ ਹੱਥ ਵਿਚ ਫੜਿਆ ਲਿਫਾਫਾ ਝਾੜੀਆਂ ਵਿਚ ਸੁੱਟ ਦਿੱਤਾ ਜਿਸ ਤੋਂ ਬਾਅਦ ਪੁਲਸ ਪਾਰਟੀ ਨੇ ਆਪਣੀ ਗੱਡੀ ਰੋਕ ਲਈ ਅਤੇ ਲੇਡੀਜ਼ ਹੌਲਦਾਰ ਨਰਿੰਦਰ ਕੌਰ ਨੇ ਉਕਤ ਔਰਤ ਨੂੰ ਕਾਬੂ ਕਰ ਲਿਆ ਅਤੇ ਇਸ ਦਾ ਨਾਮ ਪਤਾ ਪੁੱਛਿਆ ਤਾਂ ਇਸ ਨੇ ਆਪਣਾ ਨਾਮ ਭਾਗੋ ਵਾਸੀ ਰਾਜਸਥਾਨੀ ਝੁੱਗੀਆ ਜਿਊਵਾਲ ਨੇੜੇ ਰੇਲਵੇ ਸਟੇਸ਼ਨ ਸ੍ਰੀ ਕੀਰਤਪੁਰ ਸਾਹਿਬ ਦੱਸਿਆ। ਝਾੜੀਆਂ ਵਿਚ ਸੁੱਟੇ ਲਿਫਾਫੇ ਵਿਚ ਕੀ ਸੀ ਬਾਰੇ ਪੁਛਣ ਤੇ ਉਸ ਨੇ ਇਸ ਵਿਚ ਚਰਸ ਹੋਣ ਬਾਰੇ ਦੱਸਿਆ।ਉਕਤ ਲਿਫਾਫੇ ਦੀ ਤਲਾਸ਼ੀ ਲਈ ਗਈ ਤਾਂ ਉਸ 'ਚੋਂ ਚਰਸ ਬਰਾਮਦ ਹੋਈ। ਜਿਸ ਦਾ ਵਜ਼ਨ 102 ਗਰਾਮ ਹੋਇਆ। ਉਨ੍ਹਾਂ ਦੱਸਿਆ ਕਿ ਉਕਤ ਔਰਤ ਭਾਗੋ ਖਿਲਾਫ ਮਾਮਲਾ ਦਰਜ ਕਰ ਕੇ ਅੱਜ ਜਾਂਚ ਅਧਿਕਾਰੀ ਏ.ਐਸ.ਆਈ ਸੋਹਣ ਸਿੰਘ ਵਲੋਂ ਉਸ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੇ ਜੱਜ ਸਾਹਿਬ ਨੇ ਉਸ ਨੂੰ ਲੇਡੀਜ਼ ਪੁਲਸ ਰਿਮਾਂਡ 'ਤੇ 14 ਦਿਨ ਲਈ ਜੇਲ ਭੇਜ ਦਿੱਤਾ ਹੈ।

ਜਗ ਬਾਣੀ
ਈ-ਪੇਪਰ

Thu,21 April 2022
Edition: roopnagar bani, Page no